## ਭੇਤਦਾਰੀ

ਸੁਰੱਖਿਅਤ, ਅਸਰਦਾਰ, ਅਤੇ ਉੱਚ ਪੱਧਰ ਦੀ ਸੰਭਾਲ ਯਕੀਨੀ ਬਣਾਉਣ ਲਈ ਤੁਹਾਡੀ ਸਿਹਤ ਦੀ ਨਿੱਜੀ ਜਾਣਕਾਰੀ ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲਿਆਂ ਨਾਲ ਸਾਂਝੀ ਕੀਤੀ ਜਾਵੇਗੀ। ਗਾਹਕਾਂ ਦੀ ਜਾਣਕਾਰੀ ਨੂੰ ਗੁਪਤ ਰੱਖਣ ਬਾਰੇ ਸਾਰੇ ਸੇਵਾਵਾਂ ਦੇਣ ਵਾਲਿਆਂ ਦੀਆਂ ਵਿਆਪਕ ਨੀਤੀਆਂ ਹਨ।

ਕੋਈ ਆਫ਼ਤ ਆਉਣ ਦੀ ਸੂਰਤ ਵਿਚ, ਵੈਨਕੂਵਰ ਕੋਸਟਲ ਹੈਲਥ ਵਲੋਂ ਆਫ਼ਤ ਦੇ ਜਵਾਬ ਵਿਚ ਕੀਤੀ ਜਾਣ ਵਾਲੀ ਕਾਰਵਾਈ ਨੂੰ ਤਰਜੀਹ ਦੇਣ ਲਈ, ਤੁਹਾਡੀ ਸਿਹਤ ਦੀ ਨਿੱਜੀ ਜਾਣਕਾਰੀ ਆਫ਼ਤ ਦੇ ਸਬੰਧ ਵਿਚ ਸੇਵਾਵਾਂ ਦੇਣ ਵਾਲੇ ਸਿਹਤ ਮਾਹਰਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ।

ਸਮੇਂ ਸਮੇਂ ਕੁਝ ਇਲਾਕਿਆਂ ਵਿਚ, ਤੁਹਾਨੂੰ ਘਰ ਵਿਚ ਸਹਾਇਤਾ ਦੀ ਕੁਆਲਟੀ ਵਿਚ ਸੁਧਾਰ ਦੇ ਸਰਵੇ ਵਿਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ। ਇਸ ਵਿਚ ਹਿੱਸਾ ਲੈਣਾ ਤੁਹਾਡੀ ਮਰਜ਼ੀ ਹੁੰਦੀ ਹੈ ਅਤੇ ਸਾਰੇ ਜਵਾਬ ਗੁਪਤ ਰੱਖੇ ਜਾਣਗੇ। ਤੁਹਾਡੇ ਵਿਚਾਰ, ਤੁਹਾਨੂੰ ਘਰ ਵਿਚ ਮਿਲਣ ਵਾਲੀਆਂ ਸਹਾਇਤਾ ਦੀਆਂ ਸੇਵਾਵਾਂ ਦੀ ਕੁਆਲਟੀ ਵਿਚ ਸੁਧਾਰ ਕਰਨ ਵਿਚ ਸਾਡੀ ਮਦਦ ਕਰਨਗੇ।

## ਸੰਪਰਕ

ਜ਼ਿਆਦਾ ਜਾਣਕਾਰੀ ਲਈ, ਆਪਣੇ ਇਲਾਕੇ ਵਿਚਲੇ ਵੈਨਕੂਵਰ ਕੋਸਟਲ ਹੈਲਥ ਦੇ ਕਮਿਉਨਟੀ ਹੈਲਥ ਸੈਂਟਰ/ਕੰਟੀਨਿਊਇੰਗ ਹੈਲਥ ਸਰਵਿਸਿਜ਼ ਨਾਲ ਸੰਪਰਕ ਕਰੋ:

### ਵੈਨਕੂਵਰ Vancouver

**ਸੈਂਟਰਲ ਇਨਟੇਕ: 604-263-7377**
**ਪੈਲੀਏਟਿਵ ਐਕਸੈੱਸ ਲਾਈਨ: 604-263-7255**

Three Bridges Community Health Centre
1292 Hornby Street
Vancouver, BC V6Z 1W2
604-736-9844

Robert and Lily Lee Family Community Health Centre
1669 East Broadway
Vancouver, BC V5N 1V9
604-675-3980

Pender Community Health Centre
59 West Pender
Vancouver, BC V6A 1G8
604-669-9181

Evergreen Community Health Centre
3425 Crowley Drive (at Joyce)
Vancouver, BC V5R 6G3
604-872-2511

Raven Song Community Health Centre
#200 – 2450 Ontario Street
Vancouver, BC V5T 4T7
604-709-6400

Pacific Spirit Community Health Centre
2110 West 43rd Avenue
Vancouver, BC V6M 2E1
604-261-6366

South Community Health Office
6405 Knight Street
Vancouver, BC V5P 2V9
604-321-6151

### ਰਿਚਮੰਡ Richmond

Richmond Continuing Health Services
5th Floor North Tower
7000 Westminster Highway
Richmond, BC V6X 1A2
604-278-3361

### ਨੌਰਥਸ਼ੋਅਰ North Shore

**ਸੈਂਟਰਲ ਇਨਟੇਕ: 604-986-7111**

Central Community Health Centre
5th Floor, 132 West Esplanade
North Vancouver, BC V7M 2Z8
604-983-6700

Parkgate Community Health Centre
2nd Floor, 3625 Banff Court
North Vancouver, BC V7H 2Z8
604-904-6450

West Community Health Centre
990 - 22nd Street
West Vancouver, BC V7V 4C2
604-904-6200

### ਕੋਸਟਲ Coastal

Home and Community Care Powell River
3rd Floor - 5000 Joyce Avenue
Powell River, BC V8A 5R3
604-485-3310

Home and Community Care Sechelt
P.O. Box 1040, 5571 Inlet Avenue
Sechelt, BC V0N 3A0
604-885-5164

Home and Community Care Squamish
P.O. Box 220, 1140 Hunter Place
Squamish, BC V0N 3G0
ਟੋਲ ਫ੍ਰੀ 1-877-892-2231

Home and Community Care Whistler
P.O. Box 202, 4380 Lorimer Rd.
Whistler, BC V0N 1B4
604-932-4911

Home and Community Care Pemberton
P.O. Box 8, 1403 Portage Rd.
Pemberton, BC V0N 2L0
604-894-6939

### ਪੇਸ਼ੈਂਟ ਕੇਅਰ ਕੁਆਲਟੀ ਆਫਿਸ

ਵੈਨਕੂਵਰ ਕੋਸਟਲ ਹੈਲਥ (ਪ੍ਰੌਵੀਡੈਂਸ ਹੈਲਥ ਕੇਅਰ ਸਮੇਤ)
Room CP-380 – 855 West 12th Avenue
Vancouver, BC V5Z 1M9
ਟੈਲੀਫੋਨ: 1-877-993-9199 ਫੈਕਸ: 604-875-5545
ਈਮੇਲ: pcqo@vch.ca
ਦਫਤਰ ਖੁਲ੍ਹਣ ਦਾ ਸਮਾਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ ਹੈ। ਦਫਤਰ ਸਰਕਾਰੀ ਛੁੱਟੀਆਂ ਨੂੰ ਬੰਦ ਹੁੰਦਾ ਹੈ।

For more copies, email **phem@vch.ca**
and quote Catalogue **No. EF.200.7C662.PU**
©Vancouver Coastal Health, August 2011

ਇਸ ਪੇਪਰ ਵਿਚਲੀ ਜਾਣਕਾਰੀ ਕੇਵਲ ਉਸ ਵਿਅਕਤੀ ਲਈ ਹੈ, ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤਾ ਗਿਆ ਹੈ।
www.vch.ca

Vancouver CoastalHealth

Punjabi

# ਹੋਮ ਸਪੋਰਟ (ਘਰ ਵਿਚ ਸਹਾਇਤਾ) ਕੀ ਹੈ?

## What is Home Support?

Home Support Services

North Shore, Sea to Sky,
Sunshine Coast, Powell River,
Richmond and Vancouver

*Promoting wellness. Ensuring care.*

## ਹੋਮ ਸਪੋਰਟ (ਘਰ ਵਿਚ ਸਹਾਇਤਾ) ਕੀ ਹੈ?

ਹੋਮ ਸਪੋਰਟ (ਘਰ ਵਿਚ ਸਹਾਇਤਾ) ਦੀਆਂ ਸੇਵਾਵਾਂ ਬੀਮਾਰ ਲੋਕਾਂ ਦੀ ਆਪਣੇ ਘਰਾਂ ਵਿਚ ਰਹਿੰਦਿਆਂ ਹੋਇਆਂ ਵੱਧ ਤੋਂ ਵੱਧ ਆਤਮ ਨਿਰਭਰ ਅਤੇ ਸੁਰੱਖਿਅਤ ਜੀਵਨ ਜਿਊਣ ਵਿਚ ਮਦਦ ਕਰਦੀਆਂ ਹਨ। ਇਹ ਸੇਵਾਵਾਂ ਪਰਿਵਾਰ, ਦੋਸਤਾਂ ਜਾਂ ਕਮਿਉਨਟੀ ਦੀਆਂ ਏਜੰਸੀਆਂ ਵਲੋਂ ਮਿਲਣ ਵਾਲੀ ਮਦਦ ਦੀ ਥਾਂ ਨਹੀਂ ਲੈਂਦੀਆਂ ਸਗੋਂ ਇਸ ਮਦਦ ਵਿਚ ਵਾਧਾ ਕਰਦੀਆਂ ਹਨ। ਸੰਭਾਲ ਕਰਨ ਵਾਲੇ ਪਰਿਵਾਰ ਦੇ ਮੈਂਬਰਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਆਰਾਮ ਦਵਾਉਣ ਦੀਆਂ ਸੇਵਾਵਾਂ ਵੀ ਮੌਜੂਦ ਹਨ।

ਹੋਮ ਸਪੋਰਟ ਸਰਵਿਸਿਜ਼ ਰਾਹੀਂ ਕਈ ਪ੍ਰੋਗਰਾਮ ਉਪਲਬਧ ਹਨ। ਕੁਝ ਪ੍ਰੋਗਰਾਮ ਤੁਹਾਡੀ ਆਮਦਨ ਅਨੁਸਾਰ ਰੋਜ਼ਾਨਾ ਫੀਸ ਲੈਂਦੇ ਹਨ।

### ਥੋੜ੍ਹੇ ਸਮੇਂ ਦੀ ਅਤੇ ਰਾਜ਼ੀ ਹੋ ਰਹੇ ਵਿਅਕਤੀਆਂ ਲਈ ਸਰਵਿਸ

ਥੋੜ੍ਹੇ ਸਮੇਂ ਲਈ ਉਦੋਂ ਤੱਕ ਸਹਾਇਤਾ ਕਰਨਾ ਜਦ ਤੱਕ ਤੁਸੀਂ ਤੰਦਰੁਸਤ ਅਤੇ ਆਤਮ ਨਿਰਭਰ ਨਹੀਂ ਹੋ ਜਾਂਦੇ। (ਜਿਵੇਂ ਹਸਪਤਾਲ ਵਿਚ ਭਰਤੀ ਹੋਣ ਜਾਂ ਸਰਜਰੀ ਤੋਂ ਬਾਅਦ)

### ਲੰਮੇ ਸਮੇਂ ਦੀ ਸਰਵਿਸ

ਬੀਮਾਰੀ ਜਾਂ ਅਯੋਗਤਾ (ਡਿਸਏਬਿਲਟੀ) ਦੌਰਾਨ ਸਹਾਇਤਾ ਕਰਨਾ।

### ਪੀੜ-ਘਟਾਊ (ਪੈਲੀਏਟਿਵ) ਸਰਵਿਸ

ਉਨ੍ਹਾਂ ਦੀ ਸਹਾਇਤਾ ਅਤੇ ਸੰਭਾਲ ਜਿਨ੍ਹਾਂ ਨੂੰ ਜੀਵਨ ਦਾ ਅੰਤ ਕਰਨ ਵਾਲੀ ਬੀਮਾਰੀ ਹੈ।

## ਮੈਂ ਹੋਮ ਸਪੋਰਟ ਕਿਵੇਂ ਲੈ ਸਕਦਾ/ਸਕਦੀ ਹਾਂ?

ਇਸ ਲਈ ਪਹਿਲਾ ਕਦਮ ਆਪਣੇ ਸਥਾਨਕ ਕਮਿਉਨਟੀ ਹੈਲਥ ਸੈਂਟਰ/ਕੰਟੀਨਿਊਇੰਗ ਹੈਲਥ ਸਰਵਿਸਿਜ਼ ਆਫਿਸ ਦੇ ਸੈਂਟਰਲ ਇਨਟੇਕ ਨੂੰ ਫੋਨ ਕਰਨਾ ਹੈ, ਜਾਂ ਜੇ ਤੁਸੀਂ ਹਸਪਤਾਲ ਵਿਚ ਹੋ ਤਾਂ ਹਸਪਤਾਲ ਦੇ ਸੋਸ਼ਲ ਵਰਕਰ ਜਾਂ ਟ੍ਰਾਂਜ਼ੀਸ਼ਨਲ ਸਰਵਿਸ ਟੀਮ ਮੈਂਬਰ ਨਾਲ ਗੱਲ ਕਰਨਾ ਹੈ। ਉਹ ਤੁਹਾਡੀ ਸੰਭਾਲ ਦੀ ਵਿਉਂਤ ਬਣਾਉਣ ਅਤੇ ਘਰ ਵਿਚ ਸਹਾਇਤਾ ਲਈ ਤੁਹਾਡੀ ਹੱਕਦਾਰੀ ਦਾ ਪਤਾ ਲਾਉਣ ਵਿਚ ਮਦਦ ਕਰਨ ਲਈ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਰਲ ਕੇ ਕੰਮ ਕਰਨ ਲਈ ਕਿਸੇ ਸਿਹਤ ਮਾਹਰ ਦਾ ਪ੍ਰਬੰਧ ਕਰਨਗੇ। ਜੇ ਤੁਸੀਂ ਹੱਕਦਾਰ ਹੋਵੋ ਤਾਂ ਉਹ ਘਰ ਵਿਚ ਸਹਾਇਤਾ ਕਰਨ ਵਾਲਿਆਂ ਦਾ ਤੁਹਾਡੇ ਨਾਲ ਮੇਲ ਕਰਵਾਉਣ ਦਾ ਪ੍ਰਬੰਧ ਵੀ ਕਰਨਗੇ। ਘਰ ਵਿਚ ਸਹਾਇਤਾ ਕਰਨ ਵਾਲੇ, ਤੁਹਾਡੇ ਘਰ ਵਿਚ ਤੁਹਾਡੀ ਸਹਾਇਤਾ ਲਈ ਕਮਿਉਨਟੀ ਹੈਲਥ ਵਰਕਰ ਦਾ ਟਾਈਮ ਟੇਬਲ ਵੀ ਬਣਾਉਣਗੇ। ਕਮਿਉਨਟੀ ਹੈਲਥ ਵਰਕਰ ਕਿਸੇ ਆਜ਼ਾਦ ਏਜੰਸੀ ਜਾਂ ਹੈਲਥ ਅਥਾਰਟੀ ਲਈ ਕੰਮ ਕਰਦੇ ਹੋ ਸਕਦੇ ਹਨ ਜੋ ਕਿ ਤੁਹਾਡੀ ਰਿਹਾਇਸ਼ ਦੇ ਇਲਾਕੇ 'ਤੇ ਨਿਰਭਰ ਕਰਦਾ ਹੈ।

ਸਹਾਇਤਾ ਦੀਆਂ ਤੁਹਾਡੀਆਂ ਲੋੜਾਂ ਦਾ ਲਗਾਤਾਰ ਅਨੁਮਾਨ ਲਾਉਣ ਲਈ ਅਤੇ ਤੁਹਾਡੀ ਸੰਭਾਲ ਵਿਚ ਤਬਦੀਲੀਆਂ ਦੀ ਵਿਉਂਤ ਬਣਾਉਣ ਲਈ ਸਿਹਤ ਮਾਹਰ ਤੁਹਾਨੂੰ ਮਿਲਣਾ ਜਾਰੀ ਰੱਖੇਗਾ।

## ਕਮਿਉਨਟੀ ਹੈਲਥ ਵਰਕਰ ਕੀ ਕਰਦੇ ਹਨ?

ਕਮਿਉਨਟੀ ਹੈਲਥ ਵਰਕਰਾਂ (ਹੋਮ ਸਪੋਰਟ ਵਰਕਰਾਂ) ਨੂੰ ਅੱਗੇ ਲਿਖੀਆਂ ਚੀਜ਼ਾਂ ਵਿਚ ਤੁਹਾਡੀ ਸਹਾਇਤਾ ਕਰਨ ਲਈ ਤਜਰਬਾ ਹੁੰਦਾ ਹੈ ਅਤੇ ਉਨ੍ਹਾਂ ਨੇ ਸਿਖਲਾਈ ਲਈ ਹੁੰਦੀ ਹੈ:

- ਬੈੱਡ ਤੋਂ ਉੱਠਣਾ ਅਤੇ ਕੱਪੜੇ ਪਾਉਣਾ
- ਕੰਘੀ-ਪੱਟੀ ਕਰਨਾ ਅਤੇ ਨਿੱਜੀ ਸਫਾਈ - ਮੂੰਹ-ਹੱਥ ਧੋਣੇ, ਵਾਲ ਵਾਹੁਣਾ, ਦੰਦ ਸਾਫ ਕਰਨਾ, ਆਦਿ
- ਨਹਾਉਣਾ ਅਤੇ ਟਾਇਲਟ ਵਰਤਣਾ
- ਸੌਣ ਲਈ ਤਿਆਰੀ ਕਰਨਾ ਅਤੇ ਬੈੱਡ ਤੇ ਜਾਣਾ
- ਦਵਾਈਆਂ ਲੈਣਾ
- ਖਾਸ ਕਸਰਤਾਂ ਕਰਨਾ
- ਪਰਿਵਾਰ ਦੇ ਸੰਭਾਲ ਕਰਨ ਵਾਲੇ ਮੈਂਬਰ ਨੂੰ ਆਰਾਮ ਦਵਾਉਣਾ
- ਲੋੜ ਮੁਤਾਬਕ ਸੰਭਾਲ ਦੇ ਹੋਰ ਕੰਮ ਕਰਨਾ

## ਘਰ ਵਿਚ ਸਹਾਇਤਾ ਦੀਆਂ ਸੇਵਾਵਾਂ ਦੇਣ ਵਾਲਾ

- ਕਮਿਉਨਟੀ ਹੈਲਥ ਵਰਕਰ ਨਾਲ ਤੁਹਾਡਾ ਸਮਾਂ ਨੀਯਤ ਕਰਦਾ ਹੈ।
- ਤੁਹਾਡੇ ਸਵਾਲਾਂ ਦੇ ਜਵਾਬ ਦਿੰਦਾ ਹੈ ਅਤੇ ਘਰ ਵਿਚ ਸਹਾਇਤਾ ਦੇ ਸਬੰਧ ਵਿਚ ਜੇ ਤੁਹਾਨੂੰ ਕੋਈ ਸਮੱਸਿਆ ਹੋਵੇ ਤਾਂ ਉਸ ਬਾਰੇ ਵਿਚਾਰ ਕਰਦਾ ਹੈ।
- ਕਮਿਉਨਟੀ ਹੈਲਥ ਵਰਕਰ ਦੀ ਮਦਦ ਅਤੇ ਨਿਗਰਾਨੀ ਕਰਦਾ ਹੈ।
- ਤੁਹਾਡੀਆਂ ਸਿਹਤ ਲੋੜਾਂ ਵਿਚ ਆਈ ਕਿਸੇ ਵੀ ਤਬਦੀਲੀ ਬਾਰੇ ਤੁਹਾਡੇ ਕਮਿਉਨਟੀ ਹੈਲਥ ਸੈਂਟਰ ਵਿਚ ਸਿਹਤ ਮਾਹਰਾਂ ਨਾਲ ਗੱਲ ਕਰਦਾ ਹੈ।
- ਘਰ ਵਿਚ ਸਹਾਇਤਾ ਦੀ ਸਰਵਿਸ ਦੀ ਮਿੱਥੀ ਗਈ ਕਿਸੇ ਫੀਸ ਦਾ ਤੁਹਾਨੂੰ ਬਿੱਲ ਦਿੰਦਾ ਹੈ।

## ਹੋਮ ਸਪੋਰਟ ਨੂੰ ਕਾਮਯਾਬ ਬਣਾਉਣਾ

- ਜਦੋਂ ਤੁਹਾਡੇ ਕਮਿਉਨਟੀ ਹੈਲਥ ਵਰਕਰ ਨੇ ਆਉਣਾ ਹੋਵੇ, ਉਦੋਂ ਘਰ ਰਹੋ। ਜੇ ਤੁਸੀਂ ਘਰ ਨਹੀਂ ਹੋਣਾ ਤਾਂ ਜਿੰਨਾ ਛੇਤੀ ਹੋ ਸਕੇ ਹੋਮ ਸਪੋਰਟ ਸੁਪਰਵਾਈਜ਼ਰ ਨੂੰ ਫੋਨ ਕਰੋ।
- ਜੇ ਤੁਸੀਂ ਢੁਕਵੇਂ ਨੋਟਿਸ ਨਾਲ ਕੈਂਸਲ ਕੀਤੇ ਬਿਨਾਂ ਕੋਈ ਅਪੌਇੰਟਮੈਂਟ ਖੁੰਝਾਅ ਦਿੰਦੇ ਹੋ ਤਾਂ ਤੁਹਾਨੂੰ ਫਿਰ ਵੀ ਫੀਸ ਦੇਣੀ ਪੈ ਸਕਦੀ ਹੈ।
- ਜੇ ਵਰਕਰ ਮਿੱਥੇ ਸਮੇਂ ਤੇ ਨਹੀਂ ਆਉਂਦਾ ਤਾਂ ਹੋਮ ਸਪੋਰਟ ਦੇ ਪ੍ਰਤੀਨਿਧ ਨੂੰ ਫੋਨ ਕਰੋ।
- ਕੋਈ ਸਮੱਸਿਆ ਹੋਵੇ ਜਾਂ ਤੁਸੀਂ ਸਰਵਿਸ ਤੋਂ ਖਾਸ ਤੌਰ ਤੇ ਖੁਸ਼ ਹੋਏ ਹੋ ਤਾਂ ਇਸ ਬਾਰੇ ਘਰ ਵਿਚ ਸਹਾਇਤਾ ਕਰਨ ਵਾਲਿਆਂ ਨੂੰ ਦੱਸੋ।
- ਉਹ ਚੀਜ਼ਾਂ ਅਤੇ ਸਾਜ਼-ਸਮਾਨ ਲਵੋ ਜਿਹੜਾ ਕਮਿਉਨਟੀ ਹੈਲਥ ਵਰਕਰ ਨੂੰ ਚਾਹੀਦਾ ਹੈ।
- ਆਪਣੇ ਸਥਾਨਕ ਕਮਿਉਨਟੀ ਹੈਲਥ ਸੈਂਟਰ/ ਕੰਟੀਨਿਊਇੰਗ ਹੈਲਥ ਸਰਵਿਸਿਜ਼ ਆਫਿਸ ਨੂੰ ਫੋਨ ਕਰੋ:
  - ਜੇ ਤੁਹਾਡੀਆਂ ਸੰਭਾਲ ਦੀਆਂ ਲੋੜਾਂ ਬਦਲ ਜਾਣ
  - ਜੇ ਤੁਹਾਡੀ ਘਰ ਵਿਚ ਸਹਾਇਤਾ ਨਾਲ ਸੰਬੰਧਿਤ ਸਮੱਸਿਆਵਾਂ ਜਾਰੀ ਰਹਿਣ।
  - ਸਮੱਸਿਆਵਾਂ ਜਾਰੀ ਰਹਿਣ।

ਜੇ ਹੋਮ ਸਪੋਰਟ ਸਰਵਿਸਿਜ਼ ਦੀ ਕੁਆਲਟੀ ਬਾਰੇ ਤੁਹਾਡੇ ਕੋਈ ਫਿਕਰ ਹੋਣ ਜਿਹੜੇ ਤੁਸੀਂ ਏਜੰਸੀ ਜਾਂ ਕਮਿਉਨਟੀ ਹੈਲਥ ਸੈਂਟਰ/ਕੰਟੀਨਿਊਇੰਗ ਹੈਲਥ ਸਰਵਿਸਿਜ਼ ਆਫਿਸ ਨਾਲ ਹੱਲ ਨਾ ਕਰ ਸਕੇ ਹੋਵੋ ਤਾਂ ਤੁਸੀਂ ਵੈਨਕੂਵਰ ਕੋਸਟਲ ਹੈਲਥ ਪੇਸ਼ੈਂਟ ਕੇਅਰ ਕੁਆਲਟੀ ਆਫਿਸ ਨੂੰ 1-877-993-9199 'ਤੇ ਫੋਨ ਕਰ ਸਕਦੇ ਹੋ।

## ਆਪਸੀ ਆਦਰ ਅਤੇ ਸੁਰੱਖਿਆ

ਸਾਰੇ ਕਮਿਉਨਟੀ ਹੈਲਥ ਵਰਕਰ ਸਿਖਲਾਈ ਪ੍ਰਾਪਤ ਹੁੰਦੇ ਹਨ ਅਤੇ ਉਨ੍ਹਾਂ ਦੀ ਨਿਗਰਾਨੀ ਹੁੰਦੀ ਹੈ। ਕੁਝ ਦਾ ਪਿਛੋਕੜ ਤੁਹਾਡੇ ਨਾਲੋਂ ਵੱਖਰਾ ਹੋ ਸਕਦਾ ਹੈ ਪਰ ਉਹ ਇਹ ਜਾਣਦੇ ਹੁੰਦੇ ਹਨ ਕਿ ਉਨ੍ਹਾਂ ਨੇ ਆਪਣਾ ਕੰਮ ਕਿਵੇਂ ਕਰਨਾ ਹੈ।

ਕਿਸੇ ਨਾਲ ਵੀ ਉਸ ਦੇ ਲਿੰਗ, ਨਸਲ, ਨਸਲੀ ਪਿਛੋਕੜ, ਜਾਂ ਉਨ੍ਹਾਂ ਦੇ ਗਰੁੱਪ ਕਰਕੇ ਅਯੋਗ ਸਲੂਕ ਕਰਨਾ ਬ੍ਰਿਟਿਸ਼ ਕੋਲੰਬੀਆ ਵਿਚ ਕਾਨੂੰਨ ਦੇ ਖਿਲਾਫ ਹੈ। ਗਾਹਕਾਂ, ਸਟਾਫ ਅਤੇ ਕਮਿਉਨਟੀ ਹੈਲਥ ਵਰਕਰਾਂ ਲਈ ਇਕ ਦੂਜੇ ਨਾਲ ਆਦਰ ਵਾਲਾ ਵਰਤਾਉ ਕਰਨਾ ਜ਼ਰੂਰੀ ਹੈ।

ਤੁਹਾਡਾ ਘਰ ਕਮਿਉਨਟੀ ਹੈਲਥ ਵਰਕਰਾਂ ਦੇ ਕੰਮ ਕਰਨ ਵਾਲੀ ਥਾਂ ਹੋਵੇਗਾ। ਕੰਮ ਵਾਲੀਆਂ ਸਾਰੀਆਂ ਥਾਂਵਾਂ ਤੋਂ ਵਰਕਸੇਫ ਬੀ ਸੀ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਮੰਗ ਕੀਤੀ ਜਾਂਦੀ ਹੈ, ਜੋ ਕਿ ਕਾਮਿਆਂ ਵਲੋਂ ਘਰ ਵਿਚ ਸਹਾਇਤਾ ਦੀਆਂ ਸੇਵਾਵਾਂ ਸਿਰਫ ਉਨ੍ਹਾਂ ਹਾਲਤਾਂ ਵਿਚ ਦੇਣ ਦੀ ਸ਼ਰਤ ਲਾਉਂਦੇ ਹਨ ਜਦੋਂ ਅਜਿਹਾ ਸੁਰੱਖਿਅਤ ਅਤੇ ਆਦਰ ਵਾਲੇ ਮਾਹੌਲ ਵਿਚ ਕੀਤਾ ਜਾ ਸਕਦਾ ਹੋਵੇ।